**ਇੱਕੋ ਜਿਹੇ ਟੈੱਸਟ ਅਤੇ ਸਕੂਲਾਂ ਲਈ ਨੁਕਸਾਨਦੇਹ ਦਰਜਾਬੰਦੀ ਦੇ ਖਿਲਾਫ ਸਟੈਂਡ ਲਉ: ਬੀ ਸੀ ਟੀ ਐੱਫ ਦੀ ਪ੍ਰੈਜ਼ੀਡੈਂਟ ਟੈਰੀ ਮੂਰਿੰਗ ਵਲੋਂ ਬੀ ਸੀ ਦੇ ਪਰਿਵਾਰਾਂ ਨੂੰ ਇਕ ਖੁੱਲ੍ਹੀ ਚਿੱਠੀ**

ਪਿਆਰੇ ਪਰਿਵਾਰੋ,

ਇਕ ਵਾਰੀ ਫਿਰ, ਬੀ ਸੀ ਸਰਕਾਰ ਨੇ ਆਉਂਦੇ ਹਫਤਿਆਂ ਵਿਚ ਬੀ ਸੀ ਭਰ ਦੇ ਗਰੇਡ 4 ਅਤੇ 7 ਦੇ ਸਾਰੇ ਵਿਦਿਆਰਥੀਆਂ ਲਈ ਫਾਉਂਡੇਸ਼ਨ ਸਕਿਲਜ਼ ਅਸੈੱਸਮੈਂਟ (ਐੱਫ ਐੱਸ ਏ) ਕਰਕੇ ਇੱਕੋ ਜਿਹੇ ਟੈੱਸਟ ਦੀ ਵਿਵਾਦਪੂਰਨ ਪ੍ਰੈਕਟਿਸ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ।

ਜਿਹੜੀ ਗੱਲ ਤੁਹਾਨੂੰ ਨਹੀਂ ਦੱਸੀ ਜਾਂਦੀ ਉਹ ਇਹ ਹੈ ਕਿ *ਐੱਫ ਐੱਸ ਏ ਬੀ ਸੀ ਦੇ ਪਾਠਕ੍ਰਮ ਦਾ ਜ਼ਰੂਰੀ ਹਿੱਸਾ ਨਹੀਂ ਹੈ, ਅਤੇ ਤੁਹਾਨੂੰ ਪਰਿਵਾਰਕ ਐਮਰਜੰਸੀ, ਲੰਮੀ ਬੀਮਾਰੀ, ਜਾਂ ਹੋਰ ਉੱਚਤ ਹਾਲਤਾਂ ਦੇ ਕੇਸ ਵਿਚ ਆਪਣੇ ਬੱਚੇ ਨੂੰ ਟੈੱਸਟ ਤੋਂ ਬਾਹਰ ਰੱਖਣ ਦਾ ਹੱਕ ਹੈ।*

ਮੈਨੂੰ ਪਤਾ ਹੈ ਕਿ ਤੁਸੀਂ ਆਪਣੇ ਬੱਚੇ ਦੀ ਪੜ੍ਹਾਈ ਬਾਰੇ ਬਹੁਤ ਧਿਆਨ ਦਿੰਦੇ ਹੋ ਅਤੇ ਇਸ ਤਰ੍ਹਾਂ ਹੀ ਉਸ ਦੇ ਟੀਚਰ ਕਰਦੇ ਹਨ। ਤੁਹਾਡੇ ਬੱਚੇ ਪ੍ਰਤੀ ਆਪਣੀ ਸਾਂਝੀ ਵਚਨਬੱਧਤਾ ਕਰਕੇ ਹੀ ਅਸੀਂ ਐੱਫ ਐੱਸ ਏ ਦੇ ਸੰਬੰਧ ਵਿਚ ਜਾਣਕਾਰੀ ਲੈ ਕੇ ਚੋਣ ਕਰਨ ਵਿਚ ਤੁਹਾਡੀ ਮਦਦ ਕਰਨਾ ਚਾਹੁੰਦੇ ਹਾਂ।

ਬੀ ਸੀ ਦੇ ਟੀਚਰ ਐੱਫ ਐੱਸ ਏ ਦਾ ਵਿਰੋਧ ਦੋ ਵੱਡੇ ਕਾਰਨਾਂ ਕਰਕੇ ਕਰਦੇ ਹਨ: ਇਹ ਵਿਦਿਆਰਥੀਆਂ, ਟੀਚਰਾਂ ਜਾਂ ਪਰਿਵਾਰਾਂ ਦੀ ਮਦਦ ਨਹੀਂ ਕਰਦਾ; ਅਤੇ ਇਹ ਮੌਜੂਦ ਨਾਬਰਾਬਰੀ ਨੂੰ ਵਧਾਉਂਦਾ ਹੈ। ਸਾਡਾ ਇਸ ਤੋਂ ਇਹ ਮਤਲਬ ਹੈ:

- **ਇਹ ਵਿਦਿਆਰਥੀਆਂ, ਟੀਚਰਾਂ ਜਾਂ ਪਰਿਵਾਰਾਂ ਦੀ ਮਦਦ ਨਹੀਂ ਕਰਦਾ**
  - ਟੈੱਸਟ ਦੇ ਨਤੀਜਿਆਂ ਨਾਲ ਵਿਦਿਆਰਥੀਆਂ ਦੀਆਂ ਜ਼ਿਆਦਾ ਮਦਦਾਂ ਨਹੀਂ ਹੁੰਦੀਆਂ।
  - ਐੱਫ ਐੱਸ ਏ ਦੇ ਨਤੀਜਿਆਂ ਕਰਕੇ ਸਕੂਲਾਂ ਨੂੰ ਵਾਧੂ ਵਸੀਲੇ ਨਹੀਂ ਦਿੱਤੇ ਜਾਂਦੇ।
  - ਟੈੱਸਟ ਵਿਦਿਆਰਥੀ ਦੀ ਕਾਮਯਾਬੀ ਨੂੰ ਮਾਪਣ ਲਈ ਡੈਟੇ ਦਾ ਕੋਈ ਭਰੋਸੇਯੋਗ ਸੈੱਟ ਨਹੀਂ ਹੈ, ਸਗੋਂ ਇਹ ਸਿਸਟਮ ਭਰ ਨੂੰ ਚੈੱਕ ਕਰਨ ਲਈ ਤਿਆਰ ਕੀਤਾ ਗਿਆ ਸੀ
  - ਟੈੱਸਟ ਦੀ ਤਿਆਰੀ ਅਤੇ ਪ੍ਰਬੰਧ ਕਲਾਸਰੂਮ ਵਿਚ ਪੜ੍ਹਾਈ ਅਤੇ ਸਿੱਖਣ ਦੇ ਕੀਮਤੀ ਮੌਕੇ ਵਿੱਚੋਂ ਸਮਾਂ ਖੋਂਹਦੇ ਹਨ।
  - ਇੱਕੋ ਜਿਹੇ ਟੈੱਸਟ ਬਹੁਤ ਸਾਰੇ ਵਿਦਿਆਰਥੀਆਂ ਲਈ ਚਿੰਤਾ ਪੈਦਾ ਕਰਦੇ ਹਨ।

- **ਇਹ ਮੌਜੂਦ ਨਾਬਰਾਬਰੀ ਨੂੰ ਵਧਾਉਂਦਾ ਹੈ**
  - ਫਰੇਜ਼ਰ ਇੰਸਟੀਚਿਊਟ ਜੋ ਕਿ ਇਕ ਸੱਜੇ ਪੱਖੀ ਥਿੰਕ ਟੈਂਕ ਹੈ, ਐੱਫ ਐੱਸ ਏ ਦੇ ਨਤੀਜਿਆਂ ਦੀ ਦੁਰਵਰਤੋਂ ਬੀ ਸੀ ਦੇ ਸਕੂਲਾਂ ਨੂੰ ਗੈਰ-ਵਿਗਿਆਨਕ ਅਤੇ ਅਢੁਕਵੇਂ ਤਰੀਕੇ ਨਾਲ ਦਰਜਾ ਦੇਣ ਲਈ ਕਰਦੀ ਹੈ ਜਿਹੜਾ ਅਸਲੀ ਅਤੇ ਸਮਝੀਆਂ ਜਾਂਦੀਆਂ ਬੇਇਨਸਾਫੀਆਂ ਦੇ ਪੈਰ ਜਮਾਉਣ ਵਿਚ ਮਦਦ ਕਰਦਾ ਹੈ।
  - ਇਹ ਟੈੱਸਟ ਘੱਟ ਆਮਦਨ ਵਾਲੇ ਅਤੇ ਘੱਟ ਗਿਣਤੀ ਭਾਈਚਾਰਿਆਂ ਵਿਚਲੇ ਵਿਦਿਆਰਥੀਆਂ ਉੱਪਰ ਅਣਮੇਲਵੇਂ ਢੰਗ ਨਾਲ ਅਸਰ ਪਾਉਂਦੇ ਹਨ, ਜਿਸ ਦਾ ਨਤੀਜਾ ਅਕਸਰ ਵਿਦਿਆਰਥੀਆਂ ਅਤੇ ਪਰਿਵਾਰਾਂ ਲਈ ਮਾਣ ਅਤੇ ਭਾਈਚਾਰੇ ਦੀ ਘੱਟ ਭਾਵਨਾ ਵਿਚ ਨਿਕਲਦਾ ਹੈ।
  - ਇੱਕੋ ਜਿਹਾ ਟੈੱਸਟ ਵਿਦਿਆਰਥੀ ਦੀਆਂ ਵਿਲੱਖਣ ਅਤੇ ਵਿਭਿੰਨ ਲੋੜਾਂ ਪੂਰੀਆਂ ਨਹੀਂ ਕਰ ਸਕਦਾ ਅਤੇ ਵੱਖ ਵੱਖ ਸਿਖਾਂਦਰੂਆਂ ਲਈ ਕਮੀ ਦੀਆਂ ਭਾਵਨਾਵਾਂ ਪੈਦਾ ਕਰ ਸਕਦਾ ਹੈ।

ਟੀਚਰ ਇਹ ਯਕੀਨ ਕਰਦੇ ਹਨ ਕਿ ਐੱਫ ਐੱਸ ਏ ਇਕ ਨਾ-ਭਰੋਸੇਯੋਗ, ਵਿਅਰਥ ਟੈੱਸਟ ਹੈ ਅਤੇ ਇਹ ਤੁਹਾਡੇ ਬੱਚੇ ਦੀ ਕਲਾਸ ਵਿਚ ਹੋ ਰਹੀ ਮਹੱਤਵਪੂਰਨ ਪੜ੍ਹਾਈ ਅਤੇ ਅਸਲੀ ਨਿੱਜੀ ਅਸੈੱਸਮੈਂਟ ਵਿਚ ਵਿਘਨ ਪਾਉਂਦਾ ਹੈ।

ਅਸੀਂ ਮਾਪਿਆਂ ਦੀ ਆਪਣੇ ਬੱਚਿਆਂ ਲਈ ਫੈਸਲੇ ਕਰਨ ਦੇ ਹੱਕ ਦੀ ਹਿਮਾਇਤ ਕਰਦੇ ਹਾਂ, ਖਾਸ ਕਰਕੇ ਉਨ੍ਹਾਂ ਸਰਗਰਮੀਆਂ ਦੇ ਸੰਬੰਧ ਵਿਚ ਜਿਹੜੀਆਂ ਸੂਬੇ ਦੇ ਪਾਠਕ੍ਰਮ ਤੋਂ ਬਾਹਰ ਦੀਆਂ ਹਨ, ਜਿਵੇਂ ਕਿ ਐੱਫ ਐੱਸ ਏ।

ਪਿਛਲੇ ਕਈ ਸਾਲਾਂ ਤੋਂ ਬਹੁਤ ਸਾਰੇ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਐੱਫ ਐੱਸ ਏ ਤੋਂ ਬਾਹਰ ਰੱਖਣ ਦਾ ਫੈਸਲਾ ਕੀਤਾ ਹੈ, ਅਤੇ ਤੁਸੀਂ ਵੀ ਇਹ ਕਰ ਸਕਦੇ ਹੋ। ਕਿਰਪਾ ਕਰਕੇ ਇਹ ਜਾਣੋ ਕਿ ਸੂਬੇ ਭਰ ਤੋਂ ਟੀਚਰਾਂ ਦੀ ਇਸ ਵਿਚ ਤੁਹਾਡੇ ਲਈ ਹਿਮਾਇਤ ਹੈ।

ਆਪਣੇ ਬੱਚੇ ਦੀ ਪੜ੍ਹਾਈ ਵਿਚ ਹਿਮਾਇਤ ਲਈ ਹਰ ਇਕ ਚੀਜ਼ ਕਰਨ ਲਈ ਤੁਹਾਡਾ ਧੰਨਵਾਦ। ਹੋਰ ਜਾਣਕਾਰੀ ਲਈ ਐੱਫ ਐੱਸ ਏ ਤੋਂ ਬਾਹਰ ਰਹਿਣ ਲਈ ਚਿੱਠੀ ਡਾਊਨਲੋਡ ਕਰਨ ਲਈ, *bctf.ca/fsa* ’ਤੇ ਜਾਉ।

ਟੈਰੀ ਮੂਰਿੰਗ
ਪ੍ਰੈਜ਼ੀਡੈਂਟ